# Second Round of Foreign Office Consultations between India and Cuba

June 28, 2022

.......................

## ਭਾਰਤ ਅਤੇ ਕਿਊਬਾ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ ਮਸ਼ਵਰੇ ਦਾ ਦੂਜਾ ਦੌਰ

**28 ਜੂਨ, 2022**

1. ਭਾਰਤ ਅਤੇ ਕਿਊਬਾ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ ਮਸ਼ਵਰੇ ਦਾ ਦੂਜਾ ਦੌਰ (FOC) ਦਾ ਦੂਜਾ ਦੌਰ 27 ਜੂਨ, 2022 ਨੂੰ ਹਵਾਨਾ ਵਿੱਚ ਹੋਇਆ। ਭਾਰਤੀ ਪੱਖ ਦੀ ਅਗਵਾਈ ਸਕੱਤਰ (ਪੂਰਬ) ਸ਼੍ਰੀ ਸੌਰਭ ਕੁਮਾਰ ਨੇ ਕੀਤੀ ਅਤੇ ਕਿਊਬਾ ਪੱਖ ਦੀ ਅਗਵਾਈ ਵਿਦੇਸ਼ ਉਪ ਮੰਤਰੀ ਸ਼੍ਰੀਮਤੀ ਅਨਾਯਾਸੀ ਰੋਡਰਿਗਜ਼ ਕੈਮਜੋ ਨੇ ਕੀਤੀ।

2. FOC ਦੌਰਾਨ ਦੋਵਾਂ ਧਿਰਾਂ ਨੇ ਆਪਣੇ ਸਮੁੱਚੇ ਦੁਵੱਲੇ ਸਬੰਧਾਂ ਦੀ ਵਿਆਪਕ ਸਮੀਖਿਆ ਕੀਤੀ, ਜਿਸ ਵਿੱਚ ਵਿਕਾਸ ਸਾਂਝੇਦਾਰੀ ਦੇ ਪ੍ਰੋਜੈਕਟ, ਵਪਾਰ ਅਤੇ ਆਰਥਿਕ ਸਬੰਧ ਅਤੇ ਨਵਿਆਉਣਯੋਗ ਊਰਜਾ, ਰਵਾਇਤੀ ਦਵਾਈਆਂ ਅਤੇ ਯੋਗਾ ਸਮੇਤ ਸਿਹਤ, ਬਾਇਓਟੈਕਨਾਲੋਜੀ, ਖੇਤੀਬਾੜੀ, ਖੇਡਾਂ, ਸਿਹਤ, ਵਿਗਿਆਨ ਅਤੇ I.C.T. ਆਦਿ ਖੇਤਰਾਂ ਵਿੱਚ ਸਹਿਯੋਗ ਸ਼ਾਮਲ ਹੈ। ਦੋਵਾਂ ਧਿਰਾਂ ਨੇ ਸੰਯੁਕਤ ਰਾਸ਼ਟਰ ਵਿੱਚ ਸਹਿਯੋਗ ਸਮੇਤ ਟੈਕਨੋਲੋਜੀ ਅਤੇ ਸਾਂਝੇ ਹਿੱਤਾਂ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ।

3. ਸਕੱਤਰ (ਪੂਰਬ) ਨੇ ਉਪ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀਮਾਨ ਰਿਕਾਰਡੋ ਕੈਬਰੀਸਾਸ ਅਤੇ ਵਿਦੇਸ਼ ਮਾਮਲਿਆਂ ਦੇ ਕਾਰਜਕਾਰੀ ਮੰਤਰੀ ਮਹਾਮਾਹਿਮ ਸ਼੍ਰੀਮਾਨ ਗੇਰਾਰਡੋ ਪੇਨਾਲਵਰ ਨਾਲ ਕਿਊਬਾ ਅਤੇ ਭਾਰਤ ਦਰਮਿਆਨ ਦੁਵੱਲੇ ਸਬੰਧਾਂ ਨੂੰ ਹੋਰ ਵਧਾਉਣ 'ਤੇ ਵਿਚਾਰ ਵਟਾਂਦਰਾ ਕੀਤਾ।

4. ਇਸ ਫੇਰੀ ਦੌਰਾਨ ਕਿਊਬਾ ਲਈ ਭਾਰਤ ਤੋਂ ਚੌਲਾਂ ਦੀ ਖਰੀਦ ਲਈ 10 ਕਰੋੜ ਯੂਰੋ ਦੇ ਥੋੜ੍ਹੇ ਸਮੇਂ ਦੇ ਕਰਜ਼ੇ ਦੇ ਸਮਝੌਤੇ 'ਤੇ ਹਸਤਾਖਰ ਕੀਤੇ ਗਏ ਸਨ ਅਤੇ ਕਿਊਬਾ ਸਰਕਾਰ ਵੱਲੋਂ ਭਾਰਤ ਦੀ ਆਜ਼ਾਦੀ ਦੇ 75 ਸਾਲਾਂ ਦੇ ਜਸ਼ਨ ਦੇ ਮੌਕੇ ਡਾਕ ਟਿਕਟ ਜਾਰੀ ਕੀਤੀ ਗਈ।

5. ਇਹ ਗੱਲਬਾਤ ਨਿੱਘੇ ਅਤੇ ਦੋਸਤਾਨਾ ਮਾਹੌਲ ਵਿੱਚ ਹੋਈ।

ਹਵਾਨਾ

27 ਜੂਨ, 2022

DISCLAIMER: This is an approximate translation. The original is available in English on MEA’s website and may be referred to as the official press release.